# ਖ਼ੁਲਾਸਾ ਖ਼ੁਤਬਾ ਜੁਮਆ 14.11.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁੱਮੇ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 14 ਨਵੰਬਰ ਸਨ 2014 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ।

**ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਣਕੇ ਸਾਨੂੰ ਦੂਜਿਆਂ ਤੋਂ ਭਿੰਨ ਦਿਖਾਈ ਦੇਣਾ ਚਾਹੀਦਾ ਹੈ । ਰੱਬ ਦੇ ਵੁਜੂਦ ਉਪੱਰ ਈਮਾਨ ਤੇ ਆਸਥਾ ਵਿੱਚ ਸਾਨੂੰ ਦੂਜਿਆਂ ਤੋਂ ਭਿੰਨ ਦਿਖਾਈ ਦੇਣਾ ਚਾਹੀਦਾ ਹੈ ਅਤੇ ਅਗਾਂਹ ਵਧੇ ਹੋਏ ਹੋਣਾ ਚਾਹੀਦਾ ਹੈ, ਇਬਾਦਤ ਵਿੱਚ ਵੀ ਦੂਸਰਿਆਂ ਤੋਂ ਵੱਖ ਦਿਸੱਣਾ ਚਾਹੀਦਾ ਹੈ । ਉਚੱਤਮ ਮਿਆਰਾਂ ਨੂੰ ਪਾਉਣ ਦੇ ਜਤਨ ਕਰਨ ਵਾਲਿਆਂ ਵਿੱਚ ਵੀ ਅਸੀਂ ਹੋਰਨਾਂ ਦੇ ਟਾਕਰੇ'ਤੇ ਅਧਿਕ ਹੋਣੇ ਚਾਹੀਦੇ ਹਨ ।**

ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਅੱਜ ਵੀ ਮੈਂ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਦੇ ਵਰਨਣ ਕੀਤੀਆਂ ਗੱਲਾਂ ਵਰਨਣ ਕਰਾਂਗਾ ਜੋ ਹਜ਼ਰਤ ਮਸੀਹ ਮਊਦ ਅਲਹਿ ਸਲਾਮ ਦੇ ਜੀਵਨ ਦੇ ਵੱਖ ਵੱਖ ਪੱਖਾਂ'ਤੇ ਚਾਨ੍ਹਣਾਂ ਪਾਉਂਦੇ ਹਨ ।ਅਤੇ ਇਸੇ ਪ੍ਰਕਾਰ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਦੇ ਆਪਣੇ ਜੀਵਨ ਦੇ ਵੀ ਕੁਝ ਪੱਖ ਪ੍ਰਤਖ ਹੁੰਦੇ ਹਨ । ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਆਪਣੇ ਬਾਰੇ ਫ਼ਰਮਾਉਂਦੇ ਹਨ ਕਿ ਮੈਂ ਵਿਦਿਅਕ ਤੌਰ'ਤੇ ਦਸਦਾ ਹਾਂ ਕਿ ਮੈਂ ਹਜ਼ਰਤ ਸਾਹਬ ਅਰਥਾਤ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਪਿਤਾ ਹੋਣ ਕਰਕੇ ਨਹੀਂ ਮਨ੍ਹਿਆ ਸਗੋਂ ਜੱਦ ਮੈਂ ਗਿਆਰਾਂ ਵਰ੍ਹਿਆਂ ਦੀ ਸੀ, ਉਸ ਸਮੇਂ ਮੈਂ ਨਿਸ਼ਚਾ ਕੀਤਾ ਕਿ ਜੇਕਰ ਮੇਰੀ ਖੋਜ ਵਿੱਚ ਨਊਜ਼ਬਿੱਲਾਹਿ ਝੂਠੇ ਨਿਕਲੇ ਤਾਂ ਤਾਂ ਮੈਂ ਘਰੋਂ ਨਿਕਲ ਜਾਵਾਂਗਾ ਪਰ ਮੈਂ ਉਹਨਾਂ ਦੀ ਸਚੱਾਈ ਨੂੰ ਸਮਝਿਆ ਅਤੇ ਦਿੱਨੋ ਦਿਨ ਮੇਰਾ ਈਮਾਨ ਤੇ ਆਸਤਾ ਵਧਦੀ ਗਈ ਇੱਥੋਂ ਤੱਕ ਕਿ ਜਦ ਆਪ ਫ਼ੌਤ ਹੋਏ ਤਾਂ ਮੇਰਾ ਵਿਸ਼ਵਾਸ ਹੋਰ ਵੀ ਵੱਧ ਗਿਆ । ਫਿਰ ਆਪ ਨੇ ਦੱਸਿਆ ਕਿ ਜੱਦ ਮੈਂ ਦਸਤੀ ਬੈਅਤ ਕੀਤੀ ਤਾਂ ਮੇਰੇ ਅਨੁਭਵ ਦੇ ਦਰਿਆ ਵਿੱਚ ਅਜਿਹੀ ਹਲਚਲ ਮਚੀ ਜੋ ਕਿ ਸ਼ਬਦਾਂ ਵਿੱਚ ਵਰਨਣ ਨਹੀਂ ਕੀਤੀ ਜਾ ਸਕਦੀ । ਹਜ਼ਰਤ ਮਸੀਹ ਮਊਦ ਅਲੈਹਿਸਲਾਮ ਦੀ ਉਸ ਗੱਲ ਵੱਲ ਕਿ ਕਿਵੇਂ ਉਹ ਦੁਆਵਾਂ ਲਈ ਪ੍ਰੇਰਿਤ ਕਰਦੇ ਸਨ ਬਚਪੁਣੇ ਵਿੱਚ ਹੀ ਦੁਆਵਾਂ ਵੱਲ ਧਿਆਨ ਦੁਆਇਆ ਕਰਦੇ ਸਨ, encourage ਕੀਤਾ ਕਰਦੇ ਸਨ ਇਕ ਥਾਂ ਆਪ ਵਰਨਣ ਕਰਦੇ ਹਨ ਕਿ "ਰੱਬ ਦੇ ਭੇਜੇ ਹੋਏ ਮਸੀਹ ਮਊਦ ਅਲੈਹਿ ਸਲਾਮ ਜਿਸ ਨੂੰ ਰੱਬ ਨੇ ਫ਼ਰਮਾਇਆ ਸੀ ਕਿ 'ਉਜੀਬੁ ਕੁੱਲੁ ਦੁਆਇਕਾ ਇਲੱਾ ਫ਼ੀ ਸ਼ੁਰਕਾਇਕਾ' (اجیب کل دعائک الا فی شرکائک) ਜਿਸ ਨਾਲ ਵਾਦਾ ਕੀਤਾ ਗਿਆ ਸੀ ਕਿ ਮੈਂ ਤੇਰੀਆਂ ਦੁਆਵਾਂ ਕਬੂਲ ਕਰਾਂਗਾ ਸਿਵਾਏ ਉਹਨਾਂ ਦੇ ਜੋ ਸ਼ਰੀਕਾਂ ਬਾਰੇ ਹੋਣ । ਫ਼ਰਮਾਉਂਦੇ ਹਨ ਕਿ ਉਹ ਹੈਨਰੀ ਮਾਰਟਨ ਕਲਾਰਕ ਵਾਲੇ ਮੁਕੱਦਮੇ ਦੇ ਮੌਕੇ'ਤੇ ਜਿਸ ਦੀ ਉਮਰ ਕੇਵਲ ਨੌ ਸਾਲ ਦੀ ਸੀ ਦੁਆ ਲਈ ਕਹਿੰਦਾ ਹੈ ਅਰਥਾਤ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਆਪ ਨੂੰ ਨੌ ਸਾਲ ਦੀ ਉਮਰ ਵਿੱਚ ਦੁਆ ਲਈ ਕਹਿੰਦੇ ਹਨ, ਘਰ ਦੇ ਨੌਕਰਾਂ ਅਤੇ ਨੌਕਰਾਨੀਆਂ ਨੂੰ ਵੀ ਕਹਿੰਦੇ ਹਨ ਕਿ ਦੁਆਵਾਂ ਕਰੋ ।

ਸੋ, ਜੱਦ ਉਹ ਮਨੁੱਖ ਜਿਸ ਦੀਆਂ ਸਾਰੀਆਂ ਦੁਆਵਾਂ ਕਬੂਲ ਕਰਨ ਦਾ ਰੱਬ ਵਾਦਾ ਕੀਤਾ ਹੋਇਆ ਸੀ ਦੂਜਿਆਂ ਕੋਲੋਂ ਦੁਆਵਾਂ ਕਰਵਾਉਂਣਾ ਜ਼ਰੂਰੀ ਸਮਝਦਾ ਹੈ ਤਾਂ ਫਿਰ ਹੋਰਨਾ ਨੂੰ ਕਿੱਨ੍ਹਾ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ । ਇਹ ਜੋ

ਇਲਹਾਮ ਹੈ 'ਉਜੀਬੁ ਕੁਲੁੱ ਦੁਆਇਕਾ ਇਲੱਾ ਫ਼ੀ ਸ਼ੁਰਕਾਇਕਾ' (اجیب کل دعاءك الا فی شرکاءك) ਇਸ ਦੀ ਸ਼ਾਇਦ ਕਈਆਂ ਨੂੰ ਪਤਾ ਨ ਹੋਵੇ ਕਿ ਇਕ ਮੁਕਦੱਮੇ ਬਾਰੇ ਆਪ ਦੁਆ ਕਰ ਰਹੇ ਸਨ ਜੋ ਆਪ ਦੇ ਸ਼ਰੀਕਿਆਂ ਅਰਥਾਤ ਨੇੜਲੇ ਕੁਝ ਸੰਬੰਧੀਆਂ ਦਾ ਮੁਕਦੱਮਾ ਉਹਨਾਂ ਨੇ ਕੀਤਾ ਕੀਤਾ ਸੀ । ਇਸ'ਤੇ ਆਪ ਨੇ ਆਪਣੇ ਖ਼ਾਨਦਾਨ ਨੂੰ ਕਿਹਾ ਕਿ ਅਕਾਰਣ ਹੀ ਵਕੀਲਾਂ'ਤੇ ਮੁਕੱਦਮਿਆਂ 'ਤੇ ਪੈਸੇ ਨ ਖਰਚ ਕਰੋ ਮੁਕੱਦਮਾ ਹਾਰ ਜਾਓਗੇ । ਬਹਿਰਹਾਲ ਲੋਅਰ ਕੋਰਟ ਵਿੱਚ ਮੁਕਦੱਮੇ ਦਾ ਫ਼ੈਸਲਾ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਦੇ ਭਾਈ ਦੇ ਹੱਕ ਵਿੱਚ ਹੋਇਆ । ਫਿਰ ਮੁੜ ਅਪੀਲ ਕੀਤੀ ਗਈ ਅਤੇ ਚੀਫ਼ ਕੋਰਟ ਵਿੱਚ ਇਹ ਮੁਕਦੱਮਾ ਹਾਰ ਗਏ । ਹਜ਼ਰਤ ਮਸੀਹ ਮਊਦ ਅਲੈਹਿਸਲਾਮ ਨੇ ਫ਼ਰਮਾਇਆ ਕਿ ਇਹ ਕਿਵੇਂ ਹੋ ਸਕਦਾ ਸੀ ਕਿ ਇਹ ਮੁਕਦੱਮਾ ਜਿਤੱਦੇ ਕਿਓਂਕਿ ਅਲੱਾਹ ਤਆਲਾ ਨੇ ਸਪਸ਼ਟ ਤੌਰ'ਤੇ ਦੱਸ ਦਿੱਤਾ ਸੀ ।

ਦੀਵਾਰ ਦਾ (ਕੰਧ) ਦਾ ਇਕ ਮੁਕਦੱਮਾ ਬਹੁਤ ਪ੍ਰਸਿਧ ਮੁਕਦੱਮਾ ਹੈ ਜੋ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਦੇ ਸਮੇਂ ਵਿੱਚ ਲੜਿਆ ਗਿਆ ਜਿਸ ਵਿੱਚ ਆਪ ਦੇ ਖ਼ਾਨਦਾਨ ਦੇ ਵਿਰੋਧੀਆਂ ਨੇ ਮਸਜਿਦ ਦੇ ਰਸਤੇ ਵਿੱਚ ਕੰਧ ਖੜੀ ਕਰ ਦਿੱਤੀ ਅਤੇ ਰਸਤਾ ਬੰਦ ਕਰ ਦਿਤੱਾ । ਕਈ ਅਹਮਦੀਆਂ ਨੂੰ ਜੋਸ਼ ਵੀ ਆਇਆ ਅਤੇ ਉਹਨਾਂ ਨੇ ਕੰਧ ਢਾਹੁਣੀ ਚਾਹੀ ਪਰ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਨੇ ਫ਼ਰਮਾਇਆ ਕਿ ਸਾਡਾ ਕੰਮ ਸਬਰ ਕਰਨਾ ਅਤੇ ਕਾਨੂਨ ਦੀ ਪਾਬੰਦੀ ਅਪਨਾਉਣਾ ਹੈ । ਹਜ਼ਰਤ ਮੁਸਲਿਹੈ ਮਊਦ ਫ਼ਰਮਾਉਂਦੇ ਹਨ ਕਿ ਮੈਂ ਸੁਪਨੇ ਵਿੱਚ ਦੇਖਿਆ ਕਿ ਕੰਧ ਢਾਈ ਜਾ ਰਹੀ ਹੈ ਅਤੇ ਲੋਕ ਇਕ ਇਕ ਇੱਟ ਨੂੰ ਚੁੱਕ ਕੇ ਸੁਟ ਰਹੇ ਹਨ ਅਤੇ ਇਉ ਲਗਦਾ ਹੈ ਕਿ ਇਸ ਤੋਂ ਪਹਿਲਾਂ ਕੁਝ ਵਰਖਾ ਵੀ ਹੋ ਚੁਕੀ ਹੈ । ਇਸੇ ਅਵਸਥ ਵਿੱਚ ਮੈਂ ਦੇਖਿਆ (ਸੁਪਨੇ ਵਿੱਚ) ਕਿ ਮਸਜਿਦ ਵੱਲੋਂ ਖ਼ਲੀਫ਼ਾ ਆ ਰਹੇ ਹਨ । ਆਪ ਫ਼ਰਮਾਉਂਦੇ ਹਨ ਕਿ ਜੱਦ ਮਕਦੱਮੇ ਦਾ ਫ਼ੈਸਲਾ ਹੋਇਆ ਅਤੇ ਕੰਧ ਢਾਈ ਗਈ ਤਾਂ ਠੀਕ ਉਸੇ ਪ੍ਰਕਾਰ ਹੋਇਆ । ਇਸ ਸੁਪਨੇ ਦਾ ਮੈਂ ਪਹਿਲਾਂ ਵਰਨਣ ਕਰ ਚੁੱਕਿਆ ਸੀ, ਇਸ ਲਈ ਮੈਂਨੂੰ ਦੇਖਦਿਆਂ ਹੀ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਨੇ ਫ਼ਰਮਾਇਆ ਮੀਆਂ ਦੇਖੋ ਅੱਜ ਤੁਹਾਡਾ ਸੁਪਨਾ ਪੂਰਾ ਹੋ ਗਿਆ ।

ਬੱਚਿਆਂ ਦੀ ਦਿਲਦਾਰੀ ਬਾਰੇ ਇਕ ਇਕ ਥਾਂ ਇਕ ਗੱਲ ਵਰਨਣ ਕਰਦਿਆਂ ਹੋਇਆਂ ਆਪ ਫ਼ਰਮਾਉਦੇ ਹਨ ਕਿ ਮੈਂਨੂੰ ਆਪਣੇ ਬਚਪੁਨੇ ਦੀ ਇਕ ਗੱਲ ਚੇਤੇ ਹੈ ਕਿ ਸਾਡੀ ਮਾਂ ਕਦੇ ਨਰਾਜ਼ ਹੋਕੇ ਕਿਹਾ ਕਰਦੀਂ ਕਿ ਇਸ ਦਾ ਸਿਰ ਬਹੁਤ ਛੋਟਾ ਹੈ ਅਰਥਾਤ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਦਾ । ਤਾਂ ਮੈਂਨੂੰ ਚੇਤੇ ਹੈ ਕਿ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਫ਼ਰਮਾਇਆ ਕਰਦੇ ਸਨ ਕਿ ਇਕ ਕੋਈ ਗੱਲ ਨਹੀਂ । ਅਸਲ ਚੀਜ਼ ਜੋ ਸਾਨੂੰ ਚਾਹੀਦੀ ਹੈ ਉਹ ਇਹ ਹੈ ਕਿ ਅਸੀਂ ਅਲੱਾਹ ਤੇ ਰਸੂਲ ਦੇ ਹੁਕਮਾਂ ਨੂੰ ਸਮਝਣ, ਉਹਨਾਂ 'ਤੇ ਗ਼ੌਰ ਕਰਨ ਅਤੇ ਉਹਨਾਂ ਦੇ ਵਜੂਦ ਨੂੰ ਸਮਝਣ ਦਾ ਜਤਨ ਕਰਨ, ਕੁਰਆਨ ਕਰੀਮ ਨੂੰ ਸਮਝਣ ਇਹੋ ਵਾਸਤਵਿਕਤਾ ਹੈ ਜਿਸ ਨਾਲ ਦਿਮਾਗ਼ ਰੌਸ਼ਨ ਹੁੰਦੇ ਹਨ । ਹਕੂਮਤ ਦੀ ਵਫ਼ਾਦਾਰੀ ਬਾਰੇ ਆਪ ਇਕ ਥਾਂ ਫ਼ਰਮਾਉਦੇ ਹਨ ਕਿ ਜੱਦ ਮੈਂ ਬੱਚਾ ਸੀ ਅਤੇ ਮੈਂ ਅਜੇ ਹੋਸ਼ ਵੀ ਨਹੀਂ ਸੰਭਾਲੀ ਸੀ, ਉਸ ਸਮੇਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਮੂੰਹੋਂ ਸਰਕਾਰ ਦੀ ਵਫ਼ਾਦਾਰੀ ਦਾ ਮੈਅਂ ਹੁਕਮ ਸੁਣਿਆਂ ਅਤੇ ਇਸ ਹੁਕਮ 'ਤੇ ਐਨ੍ਹਾ ਪਾਬੰਦੀ ਨਾਲ ਕਇਮ ਰਿਹਾ ਕਿ ਮੈਂ ਆਪਣੇ ਡੂੰਘੇ ਮਿਤਰਾਂ ਨਾਲ ਵੀ ਇਸ ਗੱਲ'ਤੇ ਵਿਰੋਧ ਕੀਤਾ ਜੋ ਇਤਰਾਜ਼ ਕਰਦੇ ਹਨ ਕਿ ਅੰਗ੍ਰੇਜ਼ਾਂ ਦਾ ਆਪ ਲਾਇਆ ਪੌਦਾ। ਇਸ ਲਈ ਕਿ ਉਹਨਾਂ ਨੇ ਆਜ਼ਾਦੀ ਦਿੱਤੀ ਹੈ, ਇਸ ਲਈ ਰਹਿਮਤ ਕਰਾਰ ਦਿੱਤਾ ਅਤੇ ਇਸ ਕੌਮ ਦੀ ਪ੍ਰਸ਼ੰਸਾ ਕੀਤੀ ਹੈ । ਕਲਮ ਦੇ ਜਿਹਾਦ ਬਾਰੇ ਆਪ ਨੇ ਫ਼ਰਮਾਇਆ ਕਿ ਅੰਬਿਆ (ਨਬੀਆਂ) ਦਾ ਦਿਲ ਬਹੁਤ ਧੰਨਵਾਦੀ ਹੁੰਦਾ ਹੈ ਇਕ ਮਮੂਲੀ ਤੋ ਮਮੂਲੀ ਗੱਲ 'ਤੇ ਵੀ ਬਹੁਤ ਵੱਡਾ ਉਪਕਾਰ ਅਨੁਭਵ ਕਰਦੇ ਹਨ । ਹਜ਼ਰਤ ਮਸੀਹ ਮਊਦ ਅਲੈਹਿਸਲਾਮ ਦੀਆਂ ਕਿਤਾਬਾਂ ਜੱਦ ਦਿਨ ਤਰਾਤ ਛਪਦੀਆਂ ਤਾਂ ਆਪ ਕਈ ਕਈ ਰਾਤਾਂ ਉਕੱਾ ਹੀ ਨਹੀਂ ਸੌਦੇ ਸਨ । ਫ਼ਰਮਾਉਦੇ ਹਨ ਕਿ ਮੈਂ ਕਈ ਵਾਰ ਆਪ ਨੂੰ ਕੰਮ ਕਰਦਿਆਂ ਦੇਖ ਕੇ ਸੁਤੱਾ ਅਤੇ ਜੱਦ ਅੱਖ ਖੁੱਲੀ ਤਾਂ ਆਪਨੂੰ ਕੰਮ ਕਰਦਿਆਂ ਹੀ ਦੇਖਿਆ ਇੱਥੋਂ ਤੱਕ ਕਿ ਸਵੇਰ ਹੋ ਗਈ । ਸਹਾਬਾ ਹਜ਼ਰਤ ਮਨੀਹ ਮਊਦ ਅਲੈਹਿਸਲਾਮ ਆਪ ਦੇ ਅਦਬ ਅਤੇ ਆਪ ਦੇ ਮੁਕਾਮ ਦਾ ਐਨ੍ਹਾ ਮਾਣ ਰੱਖਦੇ ਸਨ, ਖ਼ਿਆਲ ਰੱਖਦੇ ਸਨ ਅਤੇ ਇਸ ਕੰਮ ਲਈ ਕਿਸੇ ਨੂੰ ਖ਼ਾਤਰ ਵਿੱਚ ਨਹੀਂ ਲਿਆਉਦੇ ਸਨ । ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ

ਇਸ ਬਾਰੇ ਆਪਣੀ ਇਕ ਗੱਲ ਇਉਂਵਰਨਣ ਕਰਦੇ ਹਨ ਅਤੇ ਇਹ ਗੱਲ ਵਰਨਣ ਕਰਕੇ ਆਪ ਨੇ ਇਹ ਧਿਆਨ ਦੁਆਇਆ ਕਿ ਕਿ ਸਾਡੇ ਨੌਜੁਆਨਾਂ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਇਸਲਾਮੀ ਅਖ਼ਲਾਕ ਅਤੇ ਆਦਾਬ ਹੁੰਦੇ ਹਨ, ਉਹਨਾ ਵੱਲ ਹਮੇਸ਼ਾ ਧਿਆਨ ਦਿਓ । ਆਪ ਆਪਣੇ ਇਕ ਖ਼ੁਤਬੇ ਵਿੱਚ ਵਰਨਣ ਕਰਦੇ ਹਨ ਕਿ ਮੈਂ ਦੇਖਿਆ ਹੈ ਕਿ ਨੌਜਆਨਾਂ ਨੂੰ ਇਸਲਾਮੀ ਅਦਬ ਸਿਖਾਉਣ ਵੱਲ ਧਿਆਨ ਨਹੀਂ ਦਿੱਤਾ ਜਾਂਦਾ । ਨੌਜੁਆਨ ਖੁੱਲੇ ਹੀ ਇਕ ਦੂਜੇ ਦੀਆਂ ਗਰਦਨਾਂ ਵਿੱਚ ਬਾਹਾਂ ਪਾਈ ਫਿਰ ਰਹੇ ਹੁੰਦੇ ਹਨ । ਮੈਂ ਦੇਖਿਆ ਹੈ । ਕੁਝ ਲੋਕਾਂ ਦੀ ਬਚਪੁਣੇ ਵਿੱਚ ਕੀਤੀ ਤਰਬੀਯਤ ਦਾ ਹੁਣ ਮੇਰੇ ਉਪੱਰ ਪ੍ਰਭਾਵ ਹੈ ਅਤੇ ਜੱਦ ਮੈਨੂੰ ਉਹ ਗੱਲ ਚੇਤੇ ਆਉਂਦੀ ਹੈ ਤਾਂ ਆਪ ਮੁਹਾਰੇ ਹੀ ਦਿਲ'ਚੋਂ ਦੁਆ ਨਿਕਲਦੀ ਹੈ । ਇਕ ਵਾਰ ਮੈਂ ਇਕ ਲੜਕੇ ਦੇ ਮੋਢੇ ਉਪੱਰ ਅਰਕ ਟਿਕਾ ਕੇ ਖੜਾ ਸੀ ਕਿ ਮਾਸਟਰ ਕਾਦਰ ਬਖ਼ਸ਼ ਸਾਹਬ ਨੇ ਜੋ ਮੌਲਵੀ ਅਬਦੁਰੱਹੀਮ ਸਾਹਬ ਦੇ ਪਿਤਾ ਸਨ ਇਸ ਤੋਂ ਮਨਾ ਕੀਤਾ ਅਤੇ ਕਿਹਾ ਕਿ ਇਹ ਬਹੁਤ ਬੁਰੀ ਗੱਲ ਹੈ । ਉਸ ਸਮੇਂ ਮੇਰੀ ਉਮਰ ਬਾਰ੍ਹਾਂ ਤੇਰ੍ਹਾਂ ਵਰ੍ਹਿਆਂ ਦੀ ਹੋਵੇਗੀ ਪਰ ਜੱਦ ਉਹ ਤਿੱਰ ਮੇਰੇ ਸਾਹਮਣੇ ਆਉਂਦਾ ਹੈ, ਉਹਨਾਂ ਲਈ ਦਿਲ'ਚੋਂ ਦੁਆ ਨਿਕਲਦੀ ਹੈ । ਇਸੇ ਪ੍ਰਕਾਰ ਇਕ ਸੂਬੇਦਾਰ ਸਾਹਬ ਮੁਰਾਦਾਬਾਦ ਦੇ ਰਹਿਣ ਵਾਲੇ ਸਨ, ਉਹਨਾਂ ਦੀ ਇਕ ਗੱਲ ਮੈਂਨੂੰ ਚੇਤੇ ਹੈ । ਗੁਰਦਾਸਪੁਰ ਵਿੱਚ ਮੁਕਦੱਮਾ ਸੀ ਅਤੇ ਮੈਂ ਗੱਲਾਂ ਕਰਦਿਆਂ ਕਰਦਿਆਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ 'ਤੁਮ' ਕਹਿ ਦਿਤੱਾ । ਉਹ ਸੂਬੇਦਾਰ ਸਾਹਬ ਮੈਂਨੂੰ ਵੱਖਰੇ ਲੈ ਗਏ ਅਤੇ ਕਿਹਾ ਕਿ ਆਪ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਪੁਤੱਰ ਹੋ ਅਤੇ ਸਾਡੇ ਲਈ ਸਨਮਾਨ ਯੋਗ ਹੋ ਪਰ ਇਹ ਗੱਲ ਚੇਤੇ ਰੱਖੋ ਕਿ 'ਤੁਮ' ਦਾ ਸ਼ਬਦ ਬਰਾਬਰ ਵਾਲਿਆਂ ਲਈ ਬੋਲਿਆ ਜਾਂਦਾ ਹੈ ਵੱਡਿਆਂ ਲਈ ਨਹੀਂ ਅਤੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਸ ਦੀ ਵਰਤੋਂ ਮੈਂ ਉਕੱਾ ਹੀ ਸਹਿਨ ਨਹੀਂ ਕਰ ਸਕਦਾ । ਇਹ ਪਹਿਲਾ ਪਾਠ ਸੀ ਜੋ ਉਹਨਾਂ ਨੇ ਮੈਂਨੂੰ ਇਸ ਬਾਰੇ ਦਿੱਤਾ।

ਸੋ, ਇਸਲਾਮੀ ਆਦਾਬ ਲਈ ਸਾਨੂੰ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ । ਇਕ ਗੱਲ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਇਉਂ ਫ਼ਰਮਾਉਂਦੇ ਹਨ ਕਿ ਅਸੀਂ ਵੀ ਬਚਪਨ ਵਿੱਚ ਵੱਖ ਵੱਖ ਖੇਡਾਂ ਖੇਡਿਆ ਕਰਦੇ ਸਨ । ਮੈਂ ਆਮ ਤੌਰ'ਤੇ ਫ਼ੁਟਬਾਲ ਖੇਡਿਆ ਕਰਦਾ ਸੀ । ਜੱਦ ਕਾਦੀਆਂ ਵਿੱਚ ਅਜਿਹੇ ਲੋਕ ਆਏ ਜੋ ਕ੍ਰਿਕਟ ਦੇ ਖਿਡਾਰੀ ਸਨ ਤਾਂ ਉਹਨਾਂ ਨੇ ਇਕ ਕ੍ਰਿਕਟ ਟੀਮ ਤਿਆਰ ਕੀਤੀ । ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਕਹਿੰਦੇ ਹਨ ਕਿ ਕਿ ਇਕ ਦਿਨ ਉਹ ਮੇਰੇ ਕੋਲ ਆਏ ਅਤੇ ਕਹਿਣ ਲੱਗੇ ਕਿ ਜਾਓ ਹਜ਼ਰਤ ਸਾਹਬ ਨੂੰ ਬਿਨਤੀ ਕਰੋ ਕਿ ਉਹ ਵੀ ਖੇਡਣ ਲਈ ਆਉਣ । ਸੋ, ਮੈਂ ਅੰਦਰ ਗਿਆ ਆਪ ਉਸ ਸਮੇਂ ਇਕ ਕਿਤਾਬ ਲਿੱਖ ਰਹੇ ਸਨ । ਮੈਂ ਆਪਣਾ ਉਦੇਸ਼ ਵਰਨਣ ਕੀਤਾ ਤਾਂ ਆਪ ਨੇ ਕਲਮ ਹੇਠਾਂ ਰੱਖ ਦਿੱਤਾ ਅਤੇ ਫ਼ਰਮਾਇਆ ਕਿ ਤੁਹਾਡਾ ਗੇਂਦ ਤਾਂ ਗ੍ਰਾਉਂਡ ਤੋਂ ਬਾਹਰ ਨਹੀਂ ਜਾਏਗਾ ਪਰ ਮੈਂ ਉਹ ਕ੍ਰਿਕਟ ਖੇਡ ਰਿਹਾ ਹਾਂ ਜਿਸਦਾ ਗੇਂਦ ਦੁਨੀਆਂ ਦੇ ਕੰਢਿਆਂ ਤੱਕ ਜਾਏਗਾ । ਹੁਣ ਦੇਖ ਲਓ ਕੀ ਆਪ ਦਾ ਗੇਂਦ ਦੁਨੀਆਂ ਦੇ ਕੱਢਿਆਂ ਤੱਕ ਪਹੁੰਚਿਆ ਹੈ ਜਾਂ ਨਹੀਂ । ਇਹ ਉਹੋ ਗੇਂਦ ਹੈ ਜਿਸਨੂੰ ਕਾਦੀਆਂ ਵਿੱਚ ਬੈਠ ਕੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਹਿਟ ਮਾਰੀ ਸੀ ਜੋ ਦੁਨੀਆਂ ਦੇ ਕੰਢਿਆਂ ਵਿੱਚ ਪਹੁੰਚ ਰਿਹਾ ਹੈ । ਫਿਰ ਇਕ ਹੋਰ ਗੱਲ ਵਰਨਣ ਕਰਦੇ ਹੋਏ ਆਪ ਜੀ ਫ਼ਰਮਾਉਂਦੇ ਹਨ ਕਿ ਬਿਨਾ ਮਿਹਨਤ ਧਾਰਮਕ ਜਾਂ ਸੰਸਾਰਕ ਕੋਈ ਮਨੁੱਖ ਵੀ ਸਨਮਾਨ ਹਾਸਲ ਨਹੀਂ ਕਰ ਸਕਦਾ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਇਆ ਕਰਦੇ ਸਨ ਕਿ ਸਾਡੇ ਜ਼ਮਾਨੇ ਵਿੱਚ ਸਾਰੇ ਸਨਮਾਨ ਰੱਬ ਨੇ ਸਾਡੇ ਨਾਲ ਸਲੰਗਤ ਕਰ ਦਿੱਤੇ ਹਨ ਅਰਥਾਤ ਇਸ ਜੁਗ ਵਿੱਚ ਜੋ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਜੁਗੱ ਹੈ ਇਸ ਵਿੱਚ ਸਾਰੇ ਸਨਮਾਨ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨਾਲ ਸਲੰਗਤ ਹੋ ਗਈ ਹੈ । ਸੋ, ਜੇਕਰ ਕੋਈ ਧਰਮ ਦਾ ਲਾਭ ਉਠਾਉਣਾ ਚਾਹੁੰਦਾ ਹੈ ਤਾਂ ਉਸ ਦਾ ਢੰਗ ਇਹੋ ਹੈ ਕਿ ਆਪਣੇ ਆਪ ਨੂੰ ਰੱਬ ਅੱਗੇ ਪੂਰਨ ਰੂਪ ਵਿੱਚ ਪਾ ਦੇਵੇ ਪਰ ਜੇਕਰ ਕੌਮ ਦੀ ਕੌਮ ਇਸ ਪ੍ਰਕਾਰ ਕਰੇ ਤਾਂ ਉਸ'ਤੇ ਖ਼ਾਸ ਫ਼ਜ਼ਲ ਹੋਣਗੇ ਅਤੇ ਉਹ ਹਰ ਮੈਦਾਨ ਵਿੱਚ ਫ਼ਤਹਿ ਹਾਸਲ ਕਰਨਗੇ । ਸਾਡੀ ਜਮਾਤ ਲਈ ਵੀ ਇਹੋ ਕਦਮ ਚੁਕੱਣਾ ਜ਼ਰੂਰੀ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਬੈਅਤ ਵਿਚ ਆਣਕੇ ਸਾਨੂੰ ਦੂਜਿਆਂ ਤੋਂ ਭਿੰਨ ਦਿਖਾਈ ਦੇਣਾ ਚਾਹੀਦਾ ਹੈ । ਰੱਬ ਦੇ ਵੁਜੂਦ ਉਪੱਰ ਈਮਾਨ

ਅਤੇ ਵਿਸ਼ਵਾਸ ਵਿੱਚ ਵੀ ਸਾਨੂੰ ਦੂਜਿਆਂ ਤੋਂ ਭਿੰਨ ਦਿਖਾਈ ਦਾਣਾ ਚਾਰਹੀਦਾ ਹੈ ਅਤੇ ਅਗਾਂਹ ਵਧੇ ਹੋਏ ਹੋਣਾ ਚਾਹੀਦਾ ਹੈ ਇਬਾਦਤ ਵਿੱਚ ਵੀ ਸਾਨੂੰ ਦੂਜਿਅਆਂ ਤੋਂ ਭਿੰਨ ਦਿਖਾਈ ਦੇਣਾ ਚਾਹੀਦਾ ਹੈ । ਆਲਾ ਮਿਆਰ ਨੂੰ ਪ੍ਰਾਓਣ ਦਾ ਜਤਨ ਕਰਨ ਵਾਲੇ ਵੀ ਦੂਜਿਆਂ ਦੇ ਟਾਕਰੇ'ਤੇ ਅਸੀਂ ਅਧਿਕ ਹੋਣੇ ਚਾਹੀਦੇ ਹਨ । ਉੱਚ ਆਚਰਣ ਵਿੱਚ ਸਨੂੰ ਵਿਸ਼ੇਸ਼ ਸਥਾਨ ਹੋਣਾ ਚਾਹੀਦਾ ਹੈ । ਕਾਨੂਨ ਦੀ ਪਾਬੰਦੀ ਵਿੱਚ ਵੀ ਸਾਡੀ ਇਕ ਉਧਾਰਣ ਹੋਣੀ ਚਾਹੀਦੀ ਹੈ ਭਾਵ ਇਹ ਕਿ ਹਰ ਇਕ ਚੀਜ ਵਿੱਚ ਇਕ ਅਹਮਦੀ ਨੂੰ ਦੂਜਿਆਂ ਤੋਂ ਵਿਸੇਸ਼ ਹੋਣ ਦੀ ਲੋੜ ਹੈ ਤਾਂ ਹੀ ਅਸੀਂ ਜਿਵੇਂ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ, ਬੈਅਤ ਤੋਂ ਸਹੀ ਲਾਭ ਉਠਾ ਸਕਦਾ ਹਾਂ ।

ਇਕ ਹੋਰ ਗੱਲ ਉਪਕਾਰ ਤੇ ਚੰਗੇ ਵਰਤਾਓ ਦੀ ਵਰਨਣ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਇਕ ਵਾਰ ਇਕ ਸਰਕਾਰੀ ਅਫ਼ਸਰ ਕਾਦੀਆਂ ਆਏ ਅਤੇ ਕਿਹਾ ਇਹ ਲੋਕ ਆਪ ਦੇ ਸ਼ਹਿਰੀ ਹਨ । ਆਪ ਇਹਨਾਂ ਨਾਲ ਨਰਮੀ ਦਾ ਸਲੂਕ ਕਰੋ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਉਹਨਾਂ ਨੇ ਕਿਹਾ ਤਾਂ ਹਜਰਤ ਸਾਹਬ ਨੇ ਫ਼ਰਮਾਇਆ ਕਿ ਇਸ ਬੁੱਢੇ ਸ਼ਾਹ ਨੂੰ ਪੁੱਛੋ ਕਿ ਕਦੇ ਕੋਈ ਇਕ ਵੀ ਮੌਕਾ ਅਜਿਹਾ ਆਇਆ ਹੈ ਜਿਸ ਵਿੱਚ ਇਸ ਨੇ ਆਪਣੀ ਵੱਲੋਂ ਅਨਰਥ ਨ ਕੀਤਾ ਹੋਵੇ, ਜਿੰਨ੍ਹਾ ਹਾਣ ਪਹੁੰਚਾਉਣ ਦਾ ਜਤਨ ਕੀਤਾ ਜਾ ਸਕਦਾ ਹੈ ਨ ਕੀਤਾ ਹੋਵੇ ਅਤੇ ਫਿਰ ਇਸ ਨੂੰ ਹੀ ਪੁੱਛੋ ਕੀ ਕੋਈ ਅਜਿਹਾ ਵੀ ਮੌਕਾ ਆਇਆ ਹੈ ਜਿਸ ਵਿੱਚ ਮੈਂ ਇਸ'ਤੇ ਉਪਕਾਰ ਕਰ ਸਕਾਦਾ ਸੀ ਅਤੇ ਮੈਂ ਇਸ ਨਾਲ ਉਪਕਾਰ ਨਾ ਕੀਤਾ ਹੋਵੇ । ਸੋ, ਉਹ ਕੇਵਲ ਅੱਗੇ ਸਿਰ ਸੁੱਟ ਕੇ ਬੈਠਿਆ ਰਿਹਾ ਅਤੇ ਕੁਝ ਨਹੀਂ ਬੋਲਿਆ । ਇਕ ਮਹਾਨ ਨਮੂਨਾ ਸੀ ਆਪ ਦੇ ਅਖ਼ਲਾਕ ਦਾ । ਸੋ, ਸਾਡੀ ਜਮਾਤ ਨੂੰ ਵੀ ਚਾਹੀਦਾ ਹੈ ਕਿ ਉਹ ਉੱਚ ਆਚਰਣ ਦੀ ਉਧਾਰਣ ਹੋਵੇ । ਮਾਮਾਲਿਆਂ ਦੀ ਇਕ ਅਜਿਹੀ ਸਫ਼ਾਈ ਹੋਵੇ ਕਿ ਜੇਕਰ ਇਕ ਪੈਸਾ ਵੀ ਘਰ ਵਿੱਚ ਨ ਹੋਵੇ ਤਾਂ ਅਮਾਨਤ ਵਿੱਚ ਹੱਥ ਨ ਪਾਵੇ ਅਤੇ ਗੱਲ ਐਨ੍ਹੀ ਮਿੱਠੀ ਅਤੇ ਸਨੇਹ ਭਰੀ ਕਰਨ ਜੋ ਦੂਜਿਆਂ ਦੇ ਮਨ ਨੂੰ ਪ੍ਰਭਾਵਤ ਕਰੇ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਮੁੱਖ'ਚੋਂ ਮੈਂ ਆਪ ਆਪਣੇ ਕੰਨ੍ਹਾਂ ਰਾਹੀਂ ਕਈ ਵਾਰ ਸੁਣਿਆ ਹੈ ਕਿ ਰੱਬ ਵੱਲੋਂ ਦੋ ਪ੍ਰਕਾਰ ਦੀਆਂ ਔਕੁੜਾ ਆਇਆ ਕਰਦੀਆਂ ਹਨ, ਇਕ ਤਾਂ ਉਹ ਔਕੁੜਾ ਹਨ ਜਿੰਨ੍ਹਾ ਵਿੱਚ ਬੰਦੇ ਨੂੰ ਅਖ਼ਤਿਆਰ ਦਿੱਤਾ ਜਾਂਦਾ ਹੈ ਕਿ ਤੁਸੀਂ ਆਪਣੇ ਆਰਾਮ ਲਈ ਆਪ ਚੁਣ ਸਕਦੇ ਹੋ । ਸੋ, ਉਸ ਦੀ ਉਧਾਰਣ ਵਿੱਚ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਫ਼ਰਮਾਉਂਦੇ ਹਨ ਕਿ ਦੇਖੋ ਵੁਜ਼ੂ ਵੀ ਇਕ ਔਕੁੜ ਹੈ, ਸਰਦੀਆਂ ਵਿੱਚ ਜੱਦ ਕੜਾਕੇ ਦੀ ਸਰਦੀ ਪੈ ਰਹੀ ਹੋਵੇ, ਠੰਡੀ ਹਵਾ ਵੱਗ ਰਹੀ ਹੋਵੇ ਅਤੇ ਰਤਾ ਜਿਹੀ ਹਵਾ ਲਗੱਣ ਨਾਲ ਮਨੁੱਖ ਨੂੰ ਕਸ਼ਟ ਹੁੰਦਾ ਹੋਵੇ ।

ਦੂਜੇ ਭਾਗ ਦਾ ਆਪਨੇ ਤਾਂ ਵਰਨਣ ਨਹੀਂ ਕੀਤਾ ਕਿ ਦੂਜੀ ਔਕੁੜ, ਪਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਇਕ ਕਥਨ ਮੈਂ ਪੜ੍ਹ ਦਿੰਦਾ ਹਾਂ ਜਿਸ ਵਿੱਚ ਆਪ ਨੇ ਅਕੁੜਾਂ ਵਿੱਚ ਕੀ ਦਾਨਾਈ ਹੈ ਇਸ ਬਾਰੇ ਆਪ ਨੇ ਫ਼ਰਮਾਇਆ ਕਿ ਦੇਖੋ ਰੱਬ ਕਾਦਰ ਸੀ ਕਿ ਆਪਣੇ ਬੰਦਿਆਂ ਨੂੰ ਕਿਸੇ ਵੀ ਪ੍ਰਕਾਰ ਦਾ ਦੁੱਖ ਨ ਪਹੁੰਚਣ ਦਿੰਦਾ ਅਤੇ ਹਰ ਪ੍ਰਕਾਰ ਦੇ ਐਸ਼ ਤੇ ਆਰਾਮ ਦਾ ਜੀਵਨ ਬਤੀਤ ਕਰਵਾਉਂਦਾ, ਉਹਨਾਂ ਦੀ ਜੀਵਨ ਸ਼ਾਹਾਨਾ ਜੀਵਨ ਹੁੰਦਾ । ਹਰ ਸਮੇਂ ਉਹਨਾਂ ਲਈ ਐਸ਼ ਦੇ ਸਾਧਨ ਪ੍ਰਦਾਨ ਕੀਤੇ ਜਾਂਦੇ । ਪਰ ਓਓਸਨੇ ਅਜਿਹਾ ਨਹੀਂ ਕੀਤਾ । ਇਸ ਵਿੱਚ ਬਹੁਤ ਗੁੱਝੇ ਭੇਦ ਲੁਕੇ ਹੁੰਦੇ ਹਨ । ਦੇਖੋ ਮਾਪਿਆਂ ਨੂੰ ਆਪਣੀ ਲੜਕੀ ਕਿੰਨ੍ਹੀ ਪਿਆਰੀ ਹੁੰਦੀ ਹੈ ਸਗੋਂ ਅਧਿਕਤਰ ਲੜਕਿਆਂ ਦੀ ਤੁਲਨਾ ਵਿੱਚ ਬਹੁਤੀ ਪਿਆਰੀ ਹੁੰਦੀ ਹੈ ਪਰ ਇਕ ਸਮਾਂ ਆਉਂਦਾ ਹੈ ਕਿ ਮਾਂਪੇ ਉਸ ਨੂੰ ਆਪਣੇ ਤੋਂ ਅੱਡ ਕਰ ਦਿੰਦੇ ਹਨ, ਉਹ ਅਜਿਹਾ ਸਮਾਂ ਹੁੰਦਾ ਹੈ ਕਿ ਉਸ ਸਮੇਂ ਨੂੰ ਦੇਖਣਾ ਵੱਡੇ ਜਿਗਰੇ ਵਾਲਿਆਂ ਦਾ ਕੰਮ ਹੁੰਦਾ ਹੈ । ਦੋਹਾਂ ਵੱਲੋਂ ਹਾਲਤ ਬਹੁਤ ਹੀ ਰਹਿਮ ਯੋਗ ਹੁੰਦੀ ਹੈ (ਅਰਥਾਤ ਮਾਂਪੇ ਵੀ ਰੋ ਰਹੇ ਹੁੰਦੇ ਹਨ ਅਤੇ ਲੜਕੀ ਵੀ) ਲਗਭਗ ਚੋਦ੍ਹਾਂ ਪੰਦਰਾਂ ਸਾਲ ਇਕ ਥਾਂ ਰਹਿੰਦੇ ਹਨ, ਅੰਤ ਉਹਨਾਂ ਦੀ ਜੁਦਾਈ ਦਾ ਸਮਾਂ ਅਤਿਅੰਤ ਦੁੱਖ ਦਾ ਸਮਾਂ ਹੁੰਦਾ ਹੈ । ਇਸ ਜੁਦਾਈ ਨੂੰ ਵੀ ਕੋਈ ਮੂਰਖ ਬੇ ਰਹਿਮੀ ਕਹਿ ਦੇਵੇ ਤਾਂ ਠੀਕ ਹੈ ਪਰ ਉਸ ਲੜਕੀ ਵਿੱਚ ਕੁਝ ਅਜਿਹੀ ਸ਼ਕਤੀਆਂ ਹੁੰਦੀਆਂ ਹਨ ਜਿਸ ਦਾ ਪ੍ਰਗਟਾਵਾ ਉਸਦੀ ਜੁਦਾਈ ਅਤੇ ਸੁਸਰਾਲ ਵਿੱਚ ਜਾਕੇ ਆਪਣੇ ਪਤੀ ਨਾਲ ਮੇਲ ਦਾ ਸਿੱਟਾ ਹੁੰਦਾ ਹੈ ਜੋ ਦੋਹਾਂ ਘਰਾਣਿਆਂ ਲਈ ਬਰਕਤ ਤੇ ਰਹਿਮਤ ਦਾ ਮੂਜਬ ਹੁੰਦਾ ਹੈ । ਇਹੋ ਹਾਲ ਰੱਬ ਵਾਲਿਆਂ ਦਾ ਹੁੰਦਾ ਹੈ । ਉਹਨਾਂ ਲੋਕਾਂ ਵਿੱਚ ਕੁਝ

ਆਚਰਣ ਅਜਿਹੇ ਗੁਪਤ ਹੁੰਦੇ ਹਨ ਕਿ ਜੱਦ ਤੱਕ ਉਹਨਾ'ਤੇ ਉਹ ਕਸ਼ਟ ਤੇ ਦੁੱਖ ਨ ਆਉਣ ਉਹਨਾਂ ਦਾ ਪ੍ਰਗਟਾਵਾ ਅਸੰਭਵ ਹੁੰਦਾ ਹੈ । ਰੱਬ ਦਾ ਕਰੀਬੀ ਬਨਣ ਲਈ ਜ਼ਰੂਰੀ ਹੈ ਕਿ ਦੁੱਖ ਝੱਲੇ ਜਾਣ, ਸ਼ੁਕਰ ਕੀਤਾ ਜਾਵੇ ਅਤੇ ਹਰ ਨਵੇਂ ਦਿਨ ਇਕ ਨਵੀਂ ਮੌਤ ਆਪਣੇ ਉਪੱਰ ਲੈਣੀ ਪੈਂਦੀ ਹੈ ਜੱਦ ਮਨੁੱਖ ਆਪਣੇ ਓਪੱਰ ਸੰਸਾਰ ਲੋਭ ਮੋਹ ਤੇ ਹੰਕਾਰ ਦੀ ਮੌਤ ਪਾ ਲੈਂਦਾ ਹੈ, ਉਸ ਸਮੇਂ ਉਸਨੂੰ ਉਹ ਜੀਵਨ ਮਿਲਦਾ ਹੈ ਜੋ ਕਦੇ ਫ਼ਨਾ ਨਹੀਂ ਹੁੰਦਾ, ਫਿਰ ਉਸ ਤੋਂ ਬਾਦ ਕਦੇ ਮਰਨਾ ਨਹੀਂ ਹੁੰਦਾ ।

ਸੋ, ਇਹ ਹੈ ਖ਼ਾਕਾ ਔਕੁੜਾਂ ਦੀ ਦਾਨਾਈ ਦਾ । ਇਕ ਵਾਰ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਨੇ ਫ਼ਰਮਾਇਆ ਕਿ ਜਦੱ ਮੇਰੀ ਉਮਰ ਨੌ ਜਾਂ ਦਸ ਸਾਲ ਦੀ ਸੀ, ਮੈਂ ਅਤੇ ਇਕ ਹੋਣ ਵਿਦਿਆਰਥੀ ਘਰ ਵਿੱਚ ਖੇਡ ਰਹੇ ਸਨ । ਓਥੇ ਹੀ ਇਕ ਅਲਮਾਰੀ ਵਿੱਚ ਇਕ ਕਿਤਾਬ ਪਈ ਹੋਈ ਸੀ । ਉਸ ਕਿਤਾਬ ਨੂੰ ਜੱਦ ਖੋਲਿਆਤਾਂ ਉਸ ਵਿੱਚ ਲਿੱਖਿਆ ਹੋਇਆ ਸੀ ਕਿ ਹੁਣ ਜਿਬਰਾਈਲ ਨਾਜ਼ਿਲ ਨਹੀਂ ਹੁੰਦਾ । ਮੈਂ ਕਿਹਾ ਇਕ ਗ਼ਲਤ ਹੈ ਮੇਰੇ ਅਬੱਾ ਉਪੱਰ ਤਾਂ ਨਾਜ਼ਿਲ ਹੁੰਦਾ ਹੈ । ਉਸ ਲੜਕੇ ਨੇ ਕਿਹਾ ਕਿ ਜਿਬਰਾਈਲ ਨਹੀਂ ਆਉਂਦਾ ਕਿਤਾਬ ਵਿੱਚ ਲਿੱਖਿਆ ਹੈ । ਸਾਡੇ ਵਿੱਚ ਬਹਿਸ ਹੋ ਗਈ । ਅੰਤ ਅਸੀਂ ਦੋਵੇਂ ਹਜ਼ਰਤ ਸਾਹਬ ਪਾਸ ਗਏ ਅਤੇ ਹੋਹਾਂ ਨੇ ਆਪਣਾ ਆਪਣਾ ਬਿਆਨ ਪੇਸ਼ ਕੀਤਾ । ਆਪ ਨੇ ਫ਼ਰਮਾਇਆ ਕਿਤਾਬ ਵਿੱਚ ਗ਼ਲਤ ਲਿੱਖਿਆ ਹੈ । ਜਿਬਰਾਈਲ ਹੁਣ ਵੀ ਆਉਂਦਾ ਹੈ ਫਿਰ ਆਪਣਾ ਇਕ ਘਟਣਾ ਵਰਨ ਕਰਦੇ ਹਨ । ਕਈ ਵਾਰ ਇਸ ਗੱਲ ਨੂੰ ਚੇਤੇ ਕਰਕੇ ਮੈਂ ਹੱਸਿਆ ਵੀ ਹਾਂ ਅਤੇ ਕਈ ਵਾਰਮੇਰੀਆਂ ਅੱਖਾਂ ਵਿੱਚ ਹੰਝੂ ਵੀ ਆ ਗਏ ਪਰ ਮੈਂ ਉਸਨੂੰ ਬਹੁਤ ਕਦਰ ਦੀ ਨਿਗਾਹ ਨਾਲ ਵੀ ਦੇਖਿਆ ਕਰਦਾ ਹਾਂ ਅਤੇ ਉਹ ਘਟਨਾ ਇਹ ਹੈ ਕਿ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਦੇ ਜੁਗ ਵਿੱਚ ਇਕ ਰਾਤ ਅਸੀਂ ਵਿਹੜੇ ਵਿੱਚ ਸੌਂ ਰਹੇ ਸੀ ਗਰਮੀ ਦੀ ਰੁੱਤ ਸੀ ਕਿ ਅਕਾਸ਼ ਓਪੱਰ ਬਦੱਲ ਆਇਆ ਅਤੇ ਜ਼ੋਰ ਨਾਲ ਗਰਜਣ ਲੱਗਾ । ਜਿਸ ਸਮੇਂ ਬਿਜਲੀ ਦੀ ਕੜਕ ਹੋਈ ਉਸ ਸਮੇਂ ਅਸੀਂ ਵੀ ਜੋ ਵਿਹੜੇ ਵਿੱਚ ਸੌਂ ਰਹੇ ਸਨ ਉਠ ਕੇ ਅੰਦਰ ਚਲੇ ਗਏ । ਮੈਂਨੂੰ ਅੱਜ ਤੱਕ ਉਹ ਦ੍ਰਿਸ਼ ਚੇਤੇ ਹੈ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਜੱਦ ਅੰਦਰ ਵੱਲ ਜਾਣ ਲੱਗੇ ਤਾਂ ਮੈਂ ਆਪਣੇ ਦੋਵੇਂ ਹੱਥ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਦੇ ਸਿਰ ਉਪੱਰ ਰੱਖ ਦਿੱਤੇ ਕਿ ਬਿਜਲੀ ਡਿੱਗੇ ਤਾਂ ਮੇਰੇ ਉਪੱਰ ਡਿੱਗੇ ਉਹਨਾ'ਤੇ ਨ ਡਿੱਗੇ । ਬਾਦ ਵਿੱਚ ਜੱਦ ਮੇਰੇ ਹੋਸ਼ ਠਿਕਾਣੇ ਆਏ ਤਾਂ ਮੈਂਨੂੰ ਆਪਣੀ ਇਸ ਹਰਕਤ ਉਪੱਰ ਹਾਸਾ ਆਇਆ ਕਿ ਉਹਨਾ ਕਰਕੇ ਤਾਂ ਅਸੀਂ ਬਿਜਲੀ ਤੋਂ ਬਚਣਾ ਸੀ ਨ ਕਿ ਸਾਡੇ ਕਰਕੇ ਆਪ ਬਿਜਲੀ ਤੋਂ ਸੁਰੱਖਿਅਤ ਰਹਿੰਦੇ ।

ਹਜ਼ਰਤ ਮੌਲਵੀ ਅਬਦੁਲ ਕਰੀਮ ਸਾਹਬ ਦੀ ਵਫ਼ਾਤ ਦੀ ਘਟਨਾ ਵਰਨਣ ਕਰਦੇ ਹਨ ਕਿ 1905ਈ. ਆਇਆ ਮੌਲਵੀ ਅਬਦੁਲ ਕਰੀਮ ਸਾਹਬ ਬਿਮਾਰ ਹੋ ਗਏ ਜਿਸ ਸਮੇਂ ਮੈਂ ਆਪ ਦੀ ਵਫ਼ਾਤ ਦੀ ਖ਼ਬਰ ਸੁਣੀ ਮੈਂਨੂੰ ਸਹਿਨ ਕਰਨ ਦੀ ਸ਼ਕਤੀ ਨ ਰਹੀ । ਦੌੜ ਕੇ ਆਪਣੇ ਕਮਰੇ ਵਿੱਚ ਵੜ ਗਿਆ ਅਤੇ ਬੂਹੇ ਬੰਦ ਕਰ ਲਏ, ਫਿਰ ਬੇ ਜਾਨ ਲੋਥ ਵਾਂਗ ਚਾਰਪਾਈ ਉਪੱਰ ਡਿੱਗ ਪਿਆ ਅਤੇ ਮੇਰੀਆਂ ਅਖੱਾਂ ਵਿੱਚੋਂ ਹੰਝੂ ਕਿਰਨ ਲੱਗ ਪਏ । ਫਿਰ 1908ਈ. ਦਾ ਵਰਨਣ ਕਰਦੇ ਹੋਏ ਆਪ ਫ਼ਰਮਾਉਂਦੇ ਹਨ ਕਿ ਮੇਰੇ ਲਈ ਕਸ਼ਟ ਉਹ ਹੈ ਜੋ ਮੇਰੀ ਕੀ, ਸਾਰਿਆਂ ਅਹਮਦੀਆਂ ਦੇ ਜੀਵਨ ਵਿੱਚ ਇਕ ਨਵਾਂ ਦੌਰ ਅਰੰਭ ਕਰਨ ਦਾ ਮੂਜਬ ਹੋਇਆ । ਇਸ ਸਾਲ ਉਹ ਹਸਤੀ ਜੋ ਸਾਡੇ ਬੇਜਾਨ ਸ਼ਰੀਰਾਂ ਲਈਰੂਹ ਵਾਂਗ ਸੀ, ਉਹ ਸਾਡੀਆਂ ਬੇਨੂਰ ਅੱਖਾਂ ਲਈ ਰੋਸ਼ਨੀ ਵਾਂਗ ਸੀ ਅਤੇ ਸਾਡੇ ਹਨ੍ਹੇਰੇ ਮਨਾਂ ਲਈ ਚਾਨ੍ਹਣੇ ਵਾਂਗ ਸੀ ਸਾਥੋਂ ਜੁਦਾ ਹੋ ਗਈ । ਇਹ ਜੁਦਾਈ ਨਹੀਂ ਸੀ ਇਹ ਕਯਾਮਤ ਸੀ । ਪੈਰ੍ਹਾਂ ਹੇਠੋਂ ਧਰਤੀ ਨਿਕਲ ਗਈ ਅਤੇ ਅਕਾਸ਼ ਆਪਣੀ ਥਾਂ ਤੋਂ ਹਿਲ ਗਿਆ । ਰੱਬ ਸਾਖੀ ਹੈ ਉਸ ਸਮੇਂ ਨ ਰੋਟੀ ਦਾ ਖ਼ਿਆਲ ਰਿਹਾ ਨ ਕਪੜੇ ਦਾ । ਕੇਵਲ ਇਕ ਹੀ ਖ਼ਿਆਲ ਸੀ ਕਿ ਸਾਰੀ ਦੁਨੀਆ ਵੀ ਮਸੀਹ ਮਊਦ ਅਲੈਹਿ ਸਲਾਮ ਨੂੰ ਛੱਡ ਦੇਵੇ ਤਾਂ ਵੀ ਮੈਂ ਨਹੀਂ ਛੱਡਾਂਗਾ ਅਤੇ ਫਿਰ ਇਸ ਸਿਲਸਿਲੇ ਨੂੰਦੁਨੀਆ ਵਿੱਚ ਕਾਇਮ ਕਰਾਂਗਾ । ਮੈਂ ਪਹੀਂ ਜਾਣਦਾ ਕਿ ਮੈਂ ਇਸ ਪ੍ਰਣ ਨੂੰ ਕਿੱਥੇ ਤੱਕ ਨਿਭਾਇਆ, ਪਰ ਮੇਰੀ ਨੀਯਤ ਹਮੇਸ਼ਾ ਇਹੋ ਰਹੀ ਕਿ ਮੈਂ ਇਸ ਪ੍ਰਣ ਅਨੁਸਾਰ ਕਾਰਜ ਕਰਾਂ । ਅੱਜ ਅਲੱਾਹ ਦੀ ਮਿਹਰ ਨਾਲ ਜਮੇਤ ਦਾ ਹਰ ਬੰਦਾ ਸਗੋਂ ਮਗਰੋਂ ਆਉਣ ਵਾਲੇ ਵੀ ਗਵਾਹ ਹਨ ਕਿ ਆਪ ਨੇ ਇਸ ਪ੍ਰਣ ਨੂੰ ਖ਼ੂਬ ਨਿਭਾਇਆ ਸਗੋਂ ਸਾਡੇ ਲਈ ਵੀ ਪ੍ਰਣ ਨੂੰ ਨਿਭਾਉਣ ਲਈ ਚਿਤ ਮਾਰਗਂ ਦੀ ਮਾਰਗਦਰਨਾਂ ਕੀਤੀ । ਅਲੱਾਹ ਤਆਲਾ ਸਾਨੂੰ ਵੀ ਆਪਣੇ ਪ੍ਰਣ ਨਿਭਾਉਣ ਦੀ ਤੋਫ਼ੀਕ ਪ੍ਰਦਾਨ ਕਰੇ ।

ਇਸ ਸਮੇਂ ਮੈਂ ਦੋ ਨਮਾਜ਼ ਜਨਾਜ਼ੇ ਵੀ ਪੜ੍ਹਾਵਾਂਗਾ । ਇਕ ਜਨਾਜ਼ਾ ਹਾਜ਼ਰ ਹੈ ਜੋ ਕਿ ਮੁਮਰੱਮਾ ਸੁਰੱਯਾ ਬੇਗ਼ਮ ਸਾਹਿਬਾ ਸੁਪੱਤਨੀ ਚੋਧਰੀ ਅਬਦੁਰੱਹੀਮ ਮਰਹੂਮ ਆਫ਼ ਮੁਲਤਾਨ ਦਾ ਹੈ ਜੋ ਮਾਂਚੈਸਟਰ ਯੂ.ਕੇ. ਵਿੱਚ ਸਨ । 11ਨਵੰਬਰ ਨੂੰ ਵਫ਼ਾਤ ਹੋਈ ਹੈ, ਉਹਨਾਂ ਦੀ 77 ਸਾਲ ਉਮਰ ਸੀ । ( إِنَّالِلّٰهِوَإِنَّاإِلَيْهِرَاجِعُونَ) ਨੇਕ ਸਾਲਿਹ ਨਮਾਜ਼ਾਂ ਦੀ ਪਾਬੰਦ, ਖ਼ੁਸ਼ ਅਖ਼ਲਾਕ ਤੇ ਸਹਿਨਸ਼ੀਲ ਇਸਤਰੀ ਸਨ । ਮਰਹੂਮ ਮੂਸੀਆ ਸਨ । ਅਲੱਾਹ ਤਆਲਾ ਉਹਨਾਂਦੇ ਦਰਜੇ ਬੁਲੰਦ ਕਰੇ ਅਤੇ ਉਹਨਾਂ ਦੇ ਬੱਚਿਆ ਨੂੰ ਵੀ ਨਾਕੀਆਂ ਉਪੱਰ ਸਿਥਰ ਰਹਿਣ ਦੀ ਤੋਫ਼ੀਕ ਪ੍ਰਦਾਨ ਕਰੇ । ਦੂਜਾ ਜਨਾਜ਼ਾ ਗ਼ਾਇਬ ਹੈ ਜੋ ਮੁਕਰੱਮ ਮਹਮੂਦ ਅਬਦੁੱਲਾਹ ਸ਼ਬੂਤੀ ਸਾਹਬ ਆਫ਼ ਯਮਨ ਦਾ ਹੈ, ਸ਼ਬੂਤੀ ਸਾਹਬ 9 ਨਵੰਬਰ 2014 ਈ. ਨੂੰ ਲੰਮੀ ਬਿਮਾਰੀ ਦੇ ਬਾਦ ਵਫ਼ਾਤ ਪਾ ਗਏ ਹਨ। (إِنَّالِلّٰهِوَإِنَّاإِلَيْهِرَاجِعُونَ) ਯਮਨ ਵਿੱਚ 24 ਮਈ 1934 ਈ. ਪੈਦਾ ਹੋਏ । ਮਰਹੂਮ ਦੇ ਪਿਤਾ ਜੀ ਨੇ ਆਪ ਨੂੰ 1952 ਈ. ਵਿੱਚ ਜਾਮਿਆ ਅਹਮਦੀਆ ਰਬਵਾ ਵਿੱਚ ਪੜ੍ਹਨ ਲਈ ਭੇਜਿਆ ਸੀ । 1960 ਈ. ਵਿੱਚ ਮੁਬਲੱਗ਼ ਬਣ ਕੇ ਯਮਨ ਵਾਪਿਸ ਆਏ । ਆਪਣੇ ਰਿਸ਼ਤੇਦਾਰਾਂ ਨਾਲ ਭਾਵੇਂ ਉਹ ਅਹਮਦੀ ਹੋਣ ਜਾਂ ਨ ਹੋਣ ਮਿਹਰ ਕਰਨ ਵਾਲੇ ਸਨ । ਪਿਛੋਕੜ ਵਿੱਚ ਸਯੱਦਾ ਨਸੀਮ ਸ਼ਾਹ ਸਾਹਿਬਾ ਤੋਂ ਬਿਨਾ ਪੰਜ ਪੁਤੱਰ ਤੇ ਬਾਰ੍ਹਾਂ ਪੋਤੇ ਪੋਤੀਆਂ ਯਾਦਗਾਰ ਛੱਡੇ ਹਨ । ਇਹਨਾਂ ਦੇ ਇਕ ਪੁਤੱਰ ਕੈਨੇਡਾ ਵਿੱਚ ਹਨ ਅਤੇ ਨਾਸਿਰ ਅਹਮਦ ਸਾਹਬ ਯੂ.ਕੇ. ਵਿੱਚ ਹਨ । ਅਲੱਾਹ ਤਆਲਾ ਮਰਹੂਮ ਦੇ ਦਰਜੇ ਬੁਲੰਦ ਫ਼ਰਮਾਏ ਅਤੇ ਉਹਨਾਂ ਦੇ ਬੱਚਿਆਂ ਨੂੰ ਵੀ ਇਹਨਾਂ ਦੀਆਂ ਪੈੜ੍ਹਾਂ ਉਪੱਰ ਚਲੱਣ ਦੀ ਤੋਫ਼ੀਕ ਪ੍ਰਦਾਨ ਫ਼ਰਮਾਏ । ਆਮੀਨ ।

**Khulasa Khutba 14.11.2014**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, for Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131